This question paper contains 3 printed pages]

*Your Roll No*................

**8647**

**B.Com. (P)/III** **AS**

Paper XII—PUNJABI (A)

(Functional Punjabi, Punjabi Drama and Punjabi Short Stories)

(Admission of 1999 to 2005)

*Time : 3 Hours* *Maximum Marks* : 100

(*Write your Roll No. on the top immediately on receipt of this question paper.*)

*Note* :—The maximum marks printed on the question paper are applicable for the students of the SOL/NCWEB/Non-formal cell. These marks will, however, be scaled down proportionately in respect of the students of Regular colleges at the time of posting of awards for compilation of result.

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਗੁਰਚਰਨ ਸਿੰਘ ਜਸੂਜਾ ਦੀ ਨਾਟਕ ਕਲਾ ਨੂੰ 'ਇਕ ਹੀਰੇ ਦੀ ਤਲਾਸ਼' ਦੇ ਆਧਾਰ 'ਤੇ ਪਰਖੋ ।

ਜਾਂ

ਨਾਟਕ 'ਇਕ ਹੀਰੇ ਦੀ ਤਲਾਸ਼' ਸਾਡੇ ਰਾਜਨੀਤਿਕ ਢਾਂਚੇ ਦੀ ਤਸਵੀਰ ਪੇਸ਼ ਕਰਨ ਵਿਚ ਕਿਥੋਂ ਤਕ ਸਫ਼ਲ ਹੋਇਆ ਹੈ ? ਇਸ ਵਿਚਾਰ ਦੀ ਪੁਸ਼ਟੀ ਕਰੋ । 15

2. 'ਇਕ ਹੀਰੇ ਦੀ ਤਲਾਸ਼' ਨਾਟਕ ਦੇ ਕੋਈ ਦੋ ਪਾਤਰਾਂ ਨਾਲ ਜਾਣ-ਪਛਾਣ ਕਰਾਉ । 15

P.T.O.

3. ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਦਾ ਅਧਿਐਨ ਪੇਸ਼ ਕਰੋ :

   (*i*) ਪੇਮੀ ਦੇ ਨਿਆਣੇ;

   (*ii*) ਭਾਵੀ ਮੈਨਾ;

   (*iii*) ਤਾਸ਼ ਦੀ ਆਦਤ;

   (*iv*) ਸੂਲੀ ਉਤੇ ਲਟੱਕੇ ਪਲ । 30

4. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** 'ਤੇ ਟਿੱਪਣੀ ਕਰੋ :

   (*i*) ਵਧਦਾ ਪ੍ਰਦੂਸ਼ਣ : ਇਕ ਸਮੱਸਿਆ;

   (*ii*) ਨੌਜਵਾਨਾਂ ਵਿਚ ਵਧਦਾ ਨਸ਼ੇ ਦਾ ਰੁਝਾਨ;

   (*iii*) ਵਧਦੀ ਮਹਿੰਗਾਈ । 10

5. ਉਪਭਾਸ਼ਾ ਦੀ ਪਰਿਭਾਸ਼ਾ ਦੇਂਦੇ ਹੋਏ, ਪੰਜਾਬੀ ਦੀਆਂ ਉਪਭਾਸ਼ਾਵਾਂ ਬਾਰੇ ਜਾਣਕਾਰੀ ਦਿਉ ।

**ਜਾਂ**

ਪੰਜਾਬੀ ਭਾਸ਼ਾ ਵਿਚ ਉਹ ਕਿਹੜੀਆਂ ਵਿਸ਼ੇਸ਼ਤਾਵਾਂ ਹਨ ਜੋ ਇਸਨੂੰ ਦੂਜੀਆਂ ਭਾਸ਼ਾਵਾਂ ਤੋਂ ਵਖਰਿਆਉਂਦੀਆਂ ਹਨ ? ਚਰਚਾ ਕਰੋ । 10

6. ਗੁਰਮੁਖੀ ਲਿਪੀ ਦਾ ਵਿਕਾਸ ਆਪਣੇ ਸ਼ਬਦਾਂ ਵਿਚ ਲਿਖੋ ।

**ਜਾਂ**

ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਦਸੋ । 10

7. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਤੇ ਸਿਰਲੇਖ ਵੀ ਦਿਉ :

"ਦਲੇਰੀ ਤਾਕਤ ਦੀ ਰੂਹ ਹੈ। ਇਸਦੀ ਸਿਖਿਆ ਬਚਪਨ ਵਿਚ ਹੀ ਦਿਤੀ ਜਾ ਸਕਦੀ ਹੈ। ਜਿਸ ਬੱਚੇ ਨੂੰ ਸ਼ੁਰੂ ਉਮਰੇ ਡਰ ਵਿਚ ਰਖਿਆ ਜਾਂਦਾ ਹੈ, ਭੂਤ-ਚੁੜੇਲ, ਜਮ, ਨਰਕ, ਹਊਏ, ਹਨੇਰੇ, ਚੋਰ ਜਾਂ ਕਿਸੇ ਖਤਰਨਾਕ ਰਿਸ਼ਤੇਦਾਰ ਦਾ ਸਹਿਮ ਪਾਈ ਰਖਿਆ ਜਾਂਦਾ ਹੈ, ਉਹ ਭਾਵੇਂ ਪਹਿਲਵਾਨ ਵੀ ਹੋ ਜਾਵੇ, ਉਸਦਾ ਦਿਲ ਦਲੇਰ ਨਹੀਂ ਹੋ ਸਕਦਾ। ਦਿਲ ਦੀ ਦਲੇਰੀ ਨਾਲ ਹੀ ਰੋਜ਼ਾਨਾ ਜ਼ਿੰਦਗੀ ਦੀਆਂ ਲੜਾਈਆਂ ਜਿਤੀਆਂ ਜਾ ਸਕਦੀਆਂ ਹਨ। ਏਨੇ ਮੁਕਦਮੇ ਦਲੀਲ ਨਾਲ ਨਹੀਂ ਜਿੱਤੇ ਜਾਂਦੇ, ਜਿੰਨੇ ਦਲੇਰੀ ਨਾਲ ਜਿਤੇ ਜਾਂਦੇ ਹਨ। ਏਨੇ ਕੰਮ ਸਿਫ਼ਾਰਸ ਜਾਂ ਲਿਆਕਤ ਨਾਲ ਨਹੀਂ ਕਢੇ ਜਾਂਦੇ, ਜਿੰਕੇ ਦਲੇਰੀ ਨਾਲ ਕਢੇ ਜਾਂਦੇ ਹਨ। ਇੱਕਲੇ ਇੱਕਲੇ ਦਲੇਰ ਸਿਪਾਹੀ ਜਾਂ ਜਰਨੈਲ ਨੇ ਇਤਿਹਾਸ ਵਿਚ ਫੋਜਾਂ ਨੂੰ ਹਰਾਇਆ ਹੈ।" 10